brampton.ca BRAMPTON Flower City

media release

29 ਮਈ, 2018

# ਬ੍ਰੈਂਪਟਨ ਦੇ ਨਿਵਾਸੀਆਂ ਨੂੰ ਅਕਤੂਬਰ ਵਿੱਚ ਹੋਣ ਵਾਲੀਆਂ 2018 ਮਿਊਨਿਸਿਪਲ ਚੋਣਾਂ ਵਿੱਚ ਕੰਮ ਕਰਨ ਲਈ ਸੱਦਾ ਦਿੱਤਾ ਜਾ ਰਿਹਾ ਹੈ

*2,000 ਤੋਂ ਵੱਧ ਚੋਣ ਕਾਮਿਆਂ ਦੀ ਭਰਤੀ 9 ਜੂਨ ਨੂੰ ਸੈਲੀਬ੍ਰੈਂਪਟਨ ਵਿਖੇ ਸ਼ੁਰੂ ਹੋਵੇਗੀ*

ਬ੍ਰੈਂਪਟਨ, ਓਨਟੈਰੀਓ – 9 ਜੂਨ ਤੋਂ ਸ਼ੁਰੂ ਕਰਦੇ ਹੋਏ, ਜਨਤਕ ਮੈਂਬਰ ਮਿਊਨਿਸਿਪਲ ਚੋਣ ਕਾਮਾ ਬਣਨ ਲਈ ਅਤੇ ਵੋਟਿੰਗ ਡੇ (Voting Day), 22 ਅਕਤੂਬਰ ਨੂੰ ਐਡਮਿਨਿਸਟ੍ਰੇਟਿਵ ਅਤੇ ਗਾਹਕ ਸੇਵਾ ਦੇ ਕੰਮਾਂ ਵਿੱਚ ਸਹਾਇਤਾ ਕਰਨ ਲਈ ਅਰਜ਼ੀ ਦੇ ਸਕਦੇ ਹਨ। 2,000 ਤੋਂ ਵੱਧ ਅਹੁਦੇ ਖਾਲੀ ਹਨ। 18 ਸਾਲ ਜਾਂ ਇਸਤੋਂ ਵੱਧ ਉਮਰ ਦੇ ਬ੍ਰੈਂਪਟਨ ਨਿਵਾਸੀਆਂ ਨੂੰ ਤਰਜੀਹ ਦਿੱਤੀ ਜਾਏਗੀ।

ਭਰਤੀ ਡਾਉਨਟਾਉਨ ਬ੍ਰੈਂਪਟਨ ਵਿੱਚ ਸੈਲੀਬ੍ਰੈਂਪਟਨ (CeleBrampton) ਕਾਰਜਕਰਮ ਵਿੱਚ ਹੋਵੇਗੀ। ਸਿਟੀ ਹਾਲ (City Hall) ਦੇ ਬਾਹਰ ਸਥਿਤ, ਮਿਊਨਿਸਿਪਲ ਚੋਣਾਂ ਬੂਥ (ਕਿਓਸਕ) ਵਿਖੇ ਬਿਨਾਂ ਤੈਅ ਮੁਲਾਕਾਤ ਦੇ ਆਓ, ਸਟਾਫ਼ ਵੱਲੋਂ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕਰੋ ਅਤੇ ਉੱਥੇ ਹੀ ਅਰਜ਼ੀ ਦਿਓ।

ਇਹ ਨਵੀਆਂ ਕੁਸ਼ਲਤਾਵਾਂ ਸਿੱਖਣ, ਸਿਟੀ ਸਟਾਫ਼ ਬਾਰੇ ਜਾਣਨ ਅਤੇ ਤੁਹਾਡੇ ਭਾਈਚਾਰੇ ਨਾਲ ਜੁੜਨ ਦਾ ਵਧੀਆ ਮੌਕਾ ਹੈ। ਕਈ ਅਹੁਦੇ ਉਪਲਬਧ ਹਨ ਅਤੇ ਵਿਸਤ੍ਰਿਤ ਨੌਕਰੀ ਵਰਣਨ www.brampton.ca/bramptonvotes 'ਤੇ ਔਨਲਾਈਨ ਉਪਲਬਧ ਹਨ।

**ਸੰਖੇਪ ਤੱਥ**

- ਇਛੁੱਕ ਵਿਅਕਤੀ 9 ਜੂਨ ਤੋਂ www.brampton.ca/bramptonvotes 'ਤੇ ਔਨਲਾਈਨ ਅਰਜ਼ੀ ਦੇ ਸਕਦੇ ਹਨ
- ਅਰਜ਼ੀ ਦੀ ਪ੍ਰਿੰਟਿਡ ਕਾਪੀ 11 ਜੂਨ ਤੋਂ, ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ (City Hall, 2 Wellington Street West) ਵਿੱਚ ਸਿਟੀ ਕਲਰਕ ਦੇ ਦਫ਼ਤਰ ਵਿਖੇ ਉਪਲਬਧ ਹੋਵੇਗੀ। ਸਿਟੀ ਕਲਰਕ ਦਾ ਦਫ਼ਤਰ ਕਾਰਜਦਿਨਾਂ ਨੂੰ ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ ਖੁੱਲ੍ਹਦਾ ਹੈ।
- ਨਿਯੁਕਤ ਵਿਅਕਤੀਆਂ ਲਈ 22 ਅਕਤੂਬਰ ਤੋਂ ਪਹਿਲਾਂ, ਦੋ ਤੋਂ ਤਿੰਨ ਘੰਟੇ ਦੀ ਟ੍ਰੇਨਿੰਗ ਕਰਨੀ ਲਾਜ਼ਮੀ ਹੋਵੇਗੀ, ਇਨ-ਕਲਾਸ ਅਤੇ ਸਮੱਗਰੀ ਦੀ ਸਮੀਖਿਆ ਸਮੇਤ, ਅਤੇ 22 ਅਕਤੂਬਰ ਨੂੰ 14 ਘੰਟਿਆਂ ਤੱਕ ਕੰਮ ਕਰਨਾ ਹੋਵੇਗਾ
- ਟ੍ਰੇਨਿੰਗ ਅਤੇ ਮੁਆਵਜ਼ਾ ਦਿੱਤਾ ਜਾਏਗਾ
- ਪੂਰਵ ਅਨੁਭਵ ਅਤੇ ਕੰਪਿਊਟਰ ਸਬੰਧੀ ਕੁਸ਼ਲਤਾਵਾਂ ਨੂੰ ਤਰਜੀਹ ਦਿੱਤੀ ਜਾਏਗੀ

**ਹਵਾਲਾ**

"350,000 ਤੋਂ ਵੱਧ ਦੇ ਯੋਗ ਵੋਟਰ ਆਧਾਰ ਦੇ ਨਾਲ, ਚੋਣ ਕਾਮਿਆਂ ਦਾ ਸਹਿਯੋਗ ਮਿਊਨਿਸਿਪਲ ਚੋਣਾਂ ਦੇ ਪ੍ਰਭਾਵੀ ਸੰਚਾਲਨ ਲਈ ਮਹੱਤਵਪੂਰਨ ਹੈ। ਬਿਨੈਕਾਰ ਮਿਊਨਿਸਿਪਲ ਸਰਕਾਰ ਨਾਲ ਅਨੁਭਵ ਖੋਜਣ ਵਾਲੇ ਵਿਦਿਆਰਥੀ, ਸਥਾਨਕ ਅਨੁਭਵ ਪ੍ਰਾਪਤ ਕਰਨ ਦੇ ਇਛੁੱਕ ਬ੍ਰੈਂਪਟਨ ਵਿੱਚ ਨਵੇਂ ਆਉਣ ਵਾਲੇ, ਜਾਂ ਭਾਈਚਾਰੇ ਲਈ ਕੁਝ ਕਰਨ ਦੀ ਇੱਛਾ ਰੱਖਣ ਵਾਲੇ ਨਿਵਾਸੀ ਹੋ ਸਕਦੇ ਹਨ। ਸੇਵਾ ਦੀ ਭਾਵਨਾ ਵਾਲੇ ਕਿਸੇ ਵੀ ਵਿਅਕਤੀ ਦਾ ਅਰਜ਼ੀ ਦੇਣ ਲਈ ਸੁਆਗਤ ਹੈ।"

- *ਪੀਟਰ ਫੇ (Peter Fay), ਸਿਟੀ ਕਲਰਕ ਐਂਡ ਰਿਟਰਨਿੰਗ ਅਫ਼ਸਰ*

-30-

brampton.ca BRAMPTON Flower City

media release

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।